# ਨਗਰ ਨਿਗਮ ਵੱਲੋ ਸਾਲ 2014-15 ਤੋਂ ਪ੍ਰਾਪਰਟੀ ਟੈਕਸ ਵਸੂਲ ਕਰਨ ਲਈ ਸ਼ਹਿਰ ਨੂੰ ਹੇਠ ਲਿਖੇ ਅਨੁਸਾਰ ਤਿੰਨ ਏਰਿਆਂ ਵਿਚ ਵੰਡਿਆਂ ਗਿਆ ਹੈ:

**ਏਰੀਆ**-1: ਸੈਕਟਰ:48ਸੀ, 49 ਅਤੇ 51 (ਦਾ ਜੋ ਹਿੱਸਾ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਹਦੂਦ ਅੰਦਰ ਪੈਂਦਾ ਹੈ)53,54,55,56,59,60,61,62,63(ਜੋ ਹਿੱਸਾ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਹਦੂਦ ਅੰਦਰ ਪੈਂਦਾ ਹੈ) 64,65,65 ਏ (ਜੋ ਹਿੱਸਾ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਹਦੂਦ ਅੰਦਰ ਪੈਂਦਾ ਹੈ) 66 (ਦਾ ਹਿੱਸਾ ਜੋ ਰਿਹਾਇਸ਼ੀ ਜਾਂ ਕਮਰਸ਼ੀਅਲ ਹੈ) 67, 68,69 , 70, 71,76,77,78,79,80 । ਇਹਨਾਂ ਸੈਕਟਰਾਂ ਵਿਚੋਂ ਸੈਕਟਰ-67,68,69,76,77,78,79 ਅਤੇ 80 ਫਰਵਰੀ/2014 ਵਿਚ ਨਗਰ ਨਿਗਮ ਦੀ ਹਦੂਦ ਵਿਚ ਸ਼ਾਮਲ ਕੀਤੇ ਗਏ ਹਨ। ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 39-Leg./2014 dated: 16.12.2014 ( The Punjab Municipal Corporation) ( SECOND AMENDMENT )ORDINANCE , 2014) ਦੇ ਉਪਬੰਧਾਂ ਅਨੁਸਾਰ ਜੋ ਏਰੀਆ 1 ਅਪ੍ਰੈਲ 2014 ਤੋਂ ਪਹਿਲਾਂ ਨਗਰ ਨਿਗਮ ਦੀ ਹਦੂਦ ਵਿਚ ਸ਼ਾਮਲ ਕੀਤਾ ਗਿਆ ਹੈ ਪਰੰਤੂ ਉਸਨੂੰ ਨਗਰ ਨਿਗਮ ਦੀ ਹਦੂਦ ਵਿਚ ਸ਼ਾਮਲ ਹੋਏ ਤਿੰਨ ਸਾਲ ਪੂਰੇ ਨਹੀ ਹੋਏ ਹਨ,ਉਸ ਏਰੀਏ ਨੂੰ ਨਗਰ ਨਿਗਮ ਦੀ ਹਦੂਦ ਅੰਦਰ ਸ਼ਾਮਲ ਹੋਣ ਦੇ ਤਿੰਨ ਸਾਲ ਪੂਰੇ ਹੋਣ ਤੱਕ ਪ੍ਰਾਪਰਟੀ ਟੈਕਸ ਤੋਂ ਛੋਟ ਦਿੱਤੀ ਗਈ ਹੈ। ਇਸ ਪ੍ਰਕਾਰ ਇਹਨਾਂ ਸੈਕਟਰਾਂ ਵਿਚ ਪੈਂਦੀਆਂ ਪ੍ਰਾਪਰਟੀਆਂ ਨੂੰ ਫਰਵਰੀ/2017 ਤੱਕ ਪ੍ਰਾਪਰਟੀ ਟੈਕਸ ਤੋਂ ਛੋਟ ਹੋਵੇਗੀ। ਇਹ ਸੈਕਟਰ ਪਹਿਲਾਂ ਹੀ ਲਗਭੱਗ ਪੂਰੀ ਤਰ੍ਹਾਂ ਵਿਕਸਿੱਤ ਹਨ ਅਤੇ ਇਹਨਾਂ ਵਿਚ ਹੋਰ ਵਿਕਾਸ ਤੇਜੀ ਨਾਲ ਕੀਤਾ ਜਾ ਰਿਹਾ ਹੈ। ਇਸ ਲਈ ਜਦੋਂ ਤੱਕ ਇਹਨਾਂ ਸੈਕਟਰਾਂ ਨੂੰ ਨਗਰ ਨਿਗਮ ਦੀ ਹਦੂਦ ਵਿਚ ਸ਼ਾਮਲ ਕੀਤੇ ਤਿੰਨ ਸਾਲ ਦਾ ਸਮਾਂ ਪੂਰਾ ਹੋ ਜਾਵੇਗਾ, ਉਦੋਂ ਤੱਕ ਇਹ ਸੈਕਟਰ ਵੀ ਬਾਕੀ ਰਿਹਾਇਸ਼ੀ ਸੈਕਟਰਾਂ ਦੀ ਤਰ੍ਹਾਂ ਪੂਰਨ ਤੌਰ ਤੇ ਪੋਸ਼ ਏਰੀਆ ਬਣ ਜਾਣਗੇ। ਇਸ ਲਈ ਇਹਨਾਂ ਸੈਕਟਰਾਂ ਨੂੰ ਵੀ ਏਰੀਆ - ਏ ਵਿਚ ਰੱਖਿਆ ਜਾਣਾ ਯੋਗ ਹੋਵੇਗਾ। ਇਹਨਾਂ ਸੈਕਟਰਾਂ ਵਿਚ ਸਥਿੱਤ ਹਰ ਪ੍ਰਕਾਰ ਦੀਆਂ ਪ੍ਰਾਪਰਟੀਆਂ ਜਿਵੇਂ ਕਿ ਰਿਹਾਇਸ਼ੀ, ਕਮਰਸ਼ੀਅਲ , ਸਰਕਾਰੀ ਦਫਤਰੀ, ਵਿਦਿਅੱਕ ਅਦਾਰੇ, ਹਸਪਤਾਲ , ਰਸਟੋਰੈਂਟ/ ਹੋਟਲ, ਬੈਂਕ , ਰਾਜ / ਕੇਂਦਰ ਸਰਕਾਰ ਦੀਆਂ ਪੀ.ਐਸ.ਯੂ, ਕਾਰਪੋਰੇਸਨਜ, ਅੰਡਰਟੇਕਿੰਗਜ ਜਾਂ ਹੋਰ ਕਿਸੇ ਵੀ ਤਰ੍ਹਾਂ ਦੀਆਂ ਪ੍ਰਾਪਰਟੀਆਂ ਇਸ ਏਰੀਏ ਵਿਚ ਸ਼ਾਮਲ ਹੋਣਗੀਆਂ ।

**ਏਰੀਆ**-2: ਸੈਕਟਰ :-56ਏ,57,58 , 66ਏ, 66 (ਦਾ ਉਹ ਹਿੱਸਾ ਜੋ ਉਦਯੋਗਿੱਕ ਹੈ) , 72,73, 74,75, ਸੈਕਟਰ-90 ਅਤੇ 91 ( ਜ ਨਗਰ ਨਿਗਮ ਦੀ ਹਦੂਦ ਅੰਦਰ ਪੈਂਦਾ ਹੈ)। ਇਹਨਾਂ ਸੈਕਟਰਾਂ ਵਿਚ ਸਥਿੱਤ ਹਰ ਪ੍ਰਕਾਰ ਦੀਆਂ ਪ੍ਰਾਪਰਟੀਆਂ ਜਿਵੇਂ ਕਿ ਰਿਹਾਇਸ਼ੀ, ਕਮਰਸ਼ੀਅਲ , ਸਰਕਾਰੀ ਦਫਤਰੀ, ਵਿਦਿਅੱਕ ਅਦਾਰੇ, ਹਸਪਤਾਲ , ਰੈਸਟੋਰੈਂਟ/ ਹੋਟਲ

, ਬੈਂਕ , ਰਾਜ / ਕੇਂਦਰ ਸਰਕਾਰ ਦੀਆਂ ਪੀ.ਐਸ.ਯੂ, ਕਾਰਪੋਰੇਸਨਜ, ਅੰਡਰਟੇਕਿੰਗਜ ਜਾਂ ਹੋਰ ਕਿਸੇ ਵੀ ਤਰ੍ਹਾਂ ਦੀਆਂ ਪ੍ਰਾਪਰਟੀਆਂ ਇਸ ਏਰੀਏ ਵਿਚ ਸ਼ਾਮਲ ਹੋਣਗੀਆਂ ।

**ਏਰੀਆ** –3 : ਨਗਰ ਨਿਗਮ ਦੀ ਹਦੂਦ ਅੰਦਰ ਪੈਂਦੇ 6 ਪਿੰਡ ਮੋਹਾਲੀ, ਮਦਨਪੁਰਾ, ਮਟੌਰ, ਸ਼ਾਹੀ ਮਾਜਰਾ , ਕੁਭੰੜਾ ਅਤੇ ਸੋਹਾਣਾ ਹਨ। ਇਹ ਏਰੀਆ ਪੇਂਡੂ ਹੋਣ ਕਾਰਣ ਇੱਥੇ ਯੋਜਨਾਬੱਧ ਤਰੀਕੇ ਨਾਲ ਵਸਾਏ ਸੈਕਟਰਾਂ ਦੀ ਤਰ੍ਹਾਂ ਸਹੂਲਤਾਂ ਜਿਵੇ ਕਿ ਖੁੱਲੇ ਪਾਰਕ , ਖੁੱਲੀਆਂ ਸ਼ੜਕ੍ਹਾਂ ਜਗ੍ਹਾ ਦੀ ਕਮੀ ਕਾਰਣ ਉਪਲਬੱਧ ਨਹੀ ਹਨ। ਇਸ ਤਰ੍ਹਾਂ ਪਿੰਡਾਂ ਦਾ ਏਰੀਆ ਸੈਕਟਰਾਂ ਅਧੀਨ ਪੈਂਦੇ ਏਰੀਏ ਦੇ ਮੁਕਾਬਲੇ ਵਿਕਸਿਤ ਨਹੀ ਹੈ। ਇਸ ਲਈ ਇਹਨਾਂ ਪਿੰਡਾਂ ਵਿਚ ਸਥਿੱਤ ਹਰ ਪ੍ਰਕਾਰ ਦੀਆਂ ਪ੍ਰਾਪਰਟੀਆਂ ਜਿਵੇਂ ਕਿ ਰਿਹਾਇਸ਼ੀ, ਕਮਰਸ਼ੀਅਲ , ਸਰਕਾਰੀ ਦਫਤਰੀ, ਵਿਦਿਅੱਕ ਅਦਾਰੇ, ਹਸਪਤਾਲ , ਰੈਸਟੋਰੈਂਟ/ ਹੋਟਲ ,ਬਂਕ, ਰਾਜ / ਕੇਂਦਰ ਸਰਕਾਰ ਦੀਆਂ ਪੀ.ਐਸ.ਯੂ, ਕਾਰਪੋਰੇਸਨਜ, ਅੰਡਰਟੇਕਿੰਗਜ ਜਾਂ ਹੋਰ ਕਿਸੇ ਵੀ ਤਰ੍ਹਾਂ ਦੀਆਂ ਪ੍ਰਾਪਰਟੀਆਂ ਇਸ ਏਰੀਏ ਵਿਚ ਸ਼ਾਮਲ ਹੋਣਗੀਆਂ ।

ਕਮਿਸ਼ਨਰ